# ਇਹ ਹਮਾਰਾ ਜੀਵਣਾ

## ਭਾਰਤੀ ਸਮਾਜ ਵਿਚ ਹਿਲਜੁਲ

ਸਿਆਸਤ ਦਾ ਭ੍ਰਿਸ਼ਟੀਕਰਨ ਵੀ ਹੋ ਰਿਹਾ ਹੈ ਅਤੇ ਅਪਰਾਧੀਕਰਨ ਵੀ ਹੋ ਰਿਹਾ ਹੈ। ਸੋਚ ਵਾਲੇ ਲੋਕ ਇਸ ਬਾਰੇ ਫਿਕਰ ਵੀ ਕਰਦੇ ਹਨ ਅਤੇ ਚਰਚਾ ਵੀ ਕਰਦੇ ਹਨ ਪਰ ਬੇਬੱਸ ਹੋ ਕੇ ਚੁੱਪ ਕਰ ਜਾਂਦੇ ਹਨ। ਹੁਣ ਹਿਲਜੁਲ ਸ਼ੁਰੂ ਹੋਈ ਹੈ। ਪਿਛਲੇ ਸਾਲ ਬਿਹਾਰ ਦਾ ਇਕ ਨੌਜਵਾਨ ਆਈ. ਏ. ਐਸ. ਡਿਪਟੀ ਕਮਿਸ਼ਨਰ ਸਿਆਸੀ ਅਪਰਾਧੀਆਂ ਦੇ ਹੱਥੋਂ ਪੱਥਰਾਂ ਨਾਲ ਮਾਰਿਆ ਗਿਆ। ਆਈ. ਏ. ਐਸ. ਐਸੋਸੀਏਸ਼ਨ ਨੇ ਇਹਦੇ ਬਾਰੇ ਰੋਸ ਕੀਤਾ ਪਰ ਇਸ ਐਸੋਸੀਏਸ਼ਨ ਵਿਚ ਕਿਉਂਕਿ ਉਨ੍ਹਾਂ ਅਫਸਰਾਂ ਦੀ ਬਹੁ-ਗਿਣਤੀ ਸੀ ਜੋ ਸਿਆਸਤਦਾਨਾਂ ਦੇ ਭ੍ਰਿਸ਼ਟਾਚਾਰ ਦੇ ਭਾਈਵਾਲ ਸਨ, ਇਸ ਕਰਕੇ ਇਹ ਰੋਸ ਕਾਗਜ਼ੀ ਹੀ ਰਿਹਾ। ਸਿੱਟੇ ਵਜੋਂ ਜਿਹੜੇ ਸੁਹਿਰਦ ਅਫਸਰ ਸਨ, ਉਹ ਸੜਕ 'ਤੇ ਆਉਣ ਲਈ ਮਜਬੂਰ ਹੋਏ। ਦਫਾ ਚੌਤਾਲੀ ਤੋੜਦੇ ਹੋਏ ਉਨ੍ਹਾਂ ਨੇ ਜਲੂਸ ਕੱਢਿਆ। ਪੁਲਿਸ ਨਾਲ ਉਨ੍ਹਾਂ ਦੀ ਟੱਕਰ ਵੀ ਹੋਈ। ਉਨ੍ਹਾਂ ਦਾ ਨਾਅਰਾ ਸੀ ਕਿ ਉਨ੍ਹਾਂ ਨੂੰ ਦੇਸ਼ ਦੇ ਕਾਨੂੰਨ ਅਨੁਸਾਰ ਪ੍ਰਸ਼ਾਸ਼ਨ ਚਲਾਉਣ ਦੀ ਖੁੱਲ੍ਹ ਹੋਵੇ। ਸਿਆਸਤਦਾਨਾਂ ਦਾ ਕੋਈ ਹੱਕ ਨਹੀਂ ਕਿ ਵੋਟਾਂ ਦੀ ਸਿਆਸਤ ਖਾਤਿਰ ਅਫਸਰਾਂ ਨੂੰ ਗੈਰ-ਕਾਨੂੰਨੀ ਕਾਰਵਾਈਆਂ ਲਈ ਮਜਬੂਰ ਕੀਤਾ ਜਾਏ। ਅਫਸਰਾਂ ਨੂੰ ਆਜ਼ਾਦਾਨਾ ਤੌਰ 'ਤੇ ਫਾਈਲਾਂ 'ਤੇ ਨੋਟ ਲਿਖਣ ਦੀ ਇਜਾਜ਼ਤ ਹੋਵੇ ਤਾਂ ਜੋ ਜੇਕਰ ਕੋਈ ਇਨਕੁਆਇਰੀ ਹੋਵੇ ਤਾਂ ਉਨ੍ਹਾਂ ਦੀ ਰਾਏ ਤਫਤੀਸ਼ ਕਰਨ ਵਾਲੀ ਏਜੰਸੀ ਨੂੰ ਪਤਾ ਹੋਵੇ। ਪ੍ਰਸ਼ਾਸਨੀ ਅਫਸਰਾਂ ਅਤੇ ਵਜ਼ੀਰਾਂ ਦੀ ਟੱਕਰ ਚੀਨੀ ਸਕੈਂਡਲ ਕੇਸ ਵਿਚ ਵੀ ਉਭਰਕੇ ਸਾਹਮਣੇ ਆਈ ਸੀ। ਇਹ ਟੱਕਰ ਆਪਣੇ ਆਪ ਵਿਚ ਇਕ ਸ਼ੁਭ ਗੱਲ ਹੈ ਕਿਉਂਕਿ ਸਾਧਾਰਨ ਬੰਦੇ ਦਾ ਸਾਰਾ ਦੁੱਖ ਇਹੀ ਹੈ ਕਿ ਪ੍ਰਸ਼ਾਸਨ ਅਤੇ ਹਾਕਮਾਂ ਦੀ ਮਿਲੀਭੁਗਤ ਕਰਕੇ ਲੋਕਾਂ ਦੀ ਲੁੱਟ ਹੁੰਦੀ ਹੈ। ਭਾਈ-ਭਤੀਜਾਵਾਦ ਚਲਦਾ ਹੈ। ਇਸੇ ਪ੍ਰਸੰਗ ਵਿਚ ਇਕ ਹੋਰ ਖਬਰ ਨੇ ਵੀ ਧਿਆਨ ਖਿੱਚਿਆ ਕਿ ਮਹਾਂਰਾਸ਼ਟਰਾ ਵਿਚ ਇਕ ਫਰੰਟ ਬਣਿਆ ਜਿਸ ਵਿਚ ਚੰਗੇ ਸਾਬਕਾ ਫੌਜੀ ਅਤੇ ਪੁਲਿਸ ਵਾਲੇ ਬੰਦੇ ਸ਼ਾਮਲ ਹੋਏ। ਇਸ ਫਰੰਟ ਨੇ ਚੋਣਾਂ ਵਿਚ ਵੀ ਆਪਣੀ ਆਵਾਜ਼ ਉਚੀ ਕੀਤੀ ਅਤੇ ਉਹ ਆਵਾਜ਼ ਸਪਸ਼ਟ ਤੌਰ 'ਤੇ ਭ੍ਰਿਸ਼ਟਾਚਾਰ ਦੇ ਵਿਰੁੱਧ ਸੀ।

ਹੁਣ ਖਬਰ ਆਈ ਹੈ ਕਿ ਯੂ. ਪੀ. ਵਿਚ ਆਈ. ਏ. ਐਸ. ਅਫਸਰਾਂ ਦੀ ਐਸੋਸੀਏਸ਼ਨ ਦੀ ਇਕ ਮੀਟਿੰਗ ਵਿਚ ਨੌਜਵਾਨ ਅਫਸਰਾਂ ਨੇ ਇਹ ਆਵਾਜ਼ ਉਠਾਈ ਹੈ ਕਿ ਜਿਹੜੇ ਸਾਡੇ ਵਿਚੋਂ ਸੀਨੀਅਰ ਅਫਸਰ ਹਨ, ਉਨ੍ਹਾਂ ਦੀਆਂ ਕਰਨੀਆਂ ਕਰਕੇ ਸਾਰੀ ਸੰਸਥਾ ਭ੍ਰਿਸ਼ਟ ਅਫਸਰਸ਼ਾਹੀ ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਹ ਗੱਲ ਉਨ੍ਹਾਂ ਲਈ ਫਿਕਰ ਵਾਲੀ ਹੈ। ਉਨ੍ਹਾਂ ਨੇ ਤਜਵੀਜ਼ ਕੀਤਾ ਕਿ ਇਕ ਖੁਫੀਆ ਰਾਏ-ਸ਼ੁਮਾਰੀ ਕਰਕੇ ਉਨ੍ਹਾਂ ਭ੍ਰਿਸ਼ਟ ਅਫਸਰਾਂ ਦੇ ਨਾਂ ਸਾਹਮਣੇ ਲਿਆਂਦੇ ਜਾਣ, ਤਾਂ ਜੋ ਸਾਰੀ ਅਫਸਰਸ਼ਾਹੀ ਬਦਨਾਮ ਸ਼ਬਦਾਂ ਨਾਲ ਨਾ ਜਾਣੀ ਜਾਏ, ਉਨ੍ਹਾਂ ਨੇ ਇਹ ਵੀ ਗੱਲ ਉਚੀ ਕੀਤੀ ਕਿ ਸੁਸਾਇਟੀ ਵਲੋਂ ਏਨੀਆਂ ਤਨਖਾਹਾਂ ਅਤੇ ਸਹੂਲਤਾਂ ਲੈਣ ਕਰਕੇ ਉਹ ਲੋਕਾਂ ਨੂੰ ਜਵਾਬਦੇਹ ਹਨ। ਇਮਾਨਦਾਰ ਅਤੇ ਬਾਜ਼ਮੀਰ ਅਫਸਰਾਂ ਵਿਚ ਇਹ ਰੁਝਾਨ ਇਕ ਮੁਬਾਰਕ ਗੱਲ ਹੈ।

## ਕਸ਼ਮੀਰੀਆਂ ਦੇ ਦੁੱਖ

ਕਸ਼ਮੀਰ ਦੇ ਮਸਲੇ ਨੂੰ ਹੁਣ ਹੋਂਦ ਵਿਚ ਆਇਆਂ 48 ਸਾਲ ਹੋ ਗਏ ਹਨ। ਇਸ ਦਾ ਦੁੱਖ ਜੋ ਕਸ਼ਮੀਰ ਦੇ ਲੋਕਾਂ ਨੂੰ ਭੋਗਣਾ ਪੈ ਰਿਹਾ ਹੈ ਉਹ ਕਿਸੇ ਕੋਲੋਂ ਭੁੱਲਿਆ ਹੋਇਆ ਨਹੀਂ। ਇਸ ਮਸਲੇ ਦੇ ਇਤਿਹਾਸ ਬਾਰੇ ਜਮਹੂਰੀ ਅਧਿਕਾਰ ਸਭਾ ਦੇ ਬੁਲਾਰੇ 'ਜਮਹੂਰੀ ਚੇਤਨਾ' ਵਿਚ ਇਕ ਲੇਖ ਮਹਿੰਦਰ ਸਿੰਘ ਸੰਧੂ ਹੋਰਾਂ ਨੇ ਲਿਖਿਆ ਹੈ। ਸ੍ਰੀ ਸੰਧੂ ਦਾ ਮਤ ਇਹ ਹੈ ਕਿ ਕਸ਼ਮੀਰੀ ਲੋਕਾਂ ਦੇ ਦੁੱਖ ਦਾ ਅਸਲ ਕਾਰਨ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਦੀਆਂ ਸਾਮਰਾਜੀ ਰੁਚੀਆਂ ਹਨ। ਸ੍ਰੀਸੰਧੂ ਨੇ ਇਹ ਵੀ ਲਿਖਿਆ ਹੈ ਕਿ ਕਸ਼ਮੀਰੀਆਂ ਨੂੰ ਇਹ ਹੱਕ ਮਿਲਣਾ ਚਾਹੀਦਾ ਹੈ ਕਿ ਉਹ ਫੈਸਲਾ ਕਰ ਸਕਣ ਕਿ ਉਹ ਭਾਰਤ ਨਾਲ ਰਹਿਣਾ ਚਾਹੁੰਦੇ ਹਨ ਜਾਂ ਪਾਕਿਸਤਾਨ ਨਾਲ ਜਾਂ ਆਪਣੀ ਇਕ ਆਜ਼ਾਦ ਹਸਤੀ ਕਾਇਮ ਕਰਨਾ ਚਾਹੁੰਦੇ ਹਨ। ਸ੍ਰੀ ਸੰਧੂ ਇਕੱਲੇ ਹੀ ਨਹੀਂ ਜਿਹੜੇ ਇਸ ਤਰ੍ਹਾਂ ਸੋਚਦੇ ਹਨ ਪਰ ਇਹ ਪੁਜੀਸ਼ਨ ਜ਼ਾਹਿਰ ਤੌਰ 'ਤੇ ਨਿਰਪੱਖ ਹੁੰਦਿਆਂ ਹੋਇਆਂ ਵੀ ਉਸ ਸਾਰੇ ਇਤਿਹਾਸ ਨੂੰ ਅੱਖੋ-ਪਰੋਖਾ ਕਰਦੀ ਪ੍ਰਤੀਤ ਹੁੰਦੀ ਹੈ, ਜਿਸ ਵਿਚੋਂ ਭਾਰਤ-ਪਾਕਿਸਤਾਨ ਸਬੰਧ ਪਿਛਲੇ ਸਮੇਂ ਵਿਚ ਲੰਘੇ ਹਨ। ਇਹ ਪੁਜੀਸ਼ਨ ਇਸ ਗੱਲ ਨੂੰ ਧਿਆਨ ਵਿਚ ਨਹੀਂ ਰੱਖਦੀ ਕਿ ਦੁਨੀਆ ਵਿਚ ਅਮਰੀਕੀ ਸਾਮਰਾਜ ਨਾਂ ਦੀ ਵੀ ਕੋਈ ਤਾਕਤ ਹੈ, ਜਿਸ ਦੀਆਂ ਗਤੀਵਿਧੀਆਂ ਇਸ ਖੇਤਰ ਵਿਚ ਖਾਸ ਤੌਰ 'ਤੇ ਕਸ਼ਮੀਰ ਨੂੰ ਸਾਹਮਣੇ ਰੱਖਕੇ ਉਲੀਕੀਆਂ ਜਾਂਦੀਆਂ ਰਹੀਆਂ ਹਨ। ਸੋਵੀਅਤ ਯੂਨੀਅਨ ਦੀ ਟੁੱਟ-ਭੱਜ ਦੇ ਬਾਵਜੂਦ ਕਸ਼ਮੀਰ ਇਸ ਖਿੱਤੇ ਵਿਚ ਅਮਰੀਕੀ ਰਣਨੀਤੀ ਦਾ ਨਿਸ਼ਾਨਾ ਹੈ। ਇਸ ਦੀ ਭੂਗੋਲਿਕ ਸਥਿਤੀ ਇਸ ਦਾ ਰੂਸ, ਚੀਨ ਤੇ ਭਾਰਤ ਦੀਆਂ ਸਰਹੱਦਾਂ ਉਤੇ ਹੋਣਾ ਹੀ ਇਕ ਅਜਿਹਾ ਕਾਰਨ ਹੈ, ਜਿਸ ਲਈ ਅਮਰੀਕਾ ਨੇ ਕਦੇ ਵੀ ਪਾਕਿਸਤਾਨ ਵਿਚ ਆਪਣੇ ਪ੍ਰਭਾਵ ਨੂੰ ਸਮੇਤ ਹਥਿਆਰ ਸਪਲਾਈ ਕਰਨ ਦੀ ਨੀਤੀ ਦੇ, ਕਮਜ਼ੋਰ ਪੈਣ ਨਹੀਂ ਦਿੱਤਾ। ਕਸ਼ਮੀਰ ਦੀ ਹੋਣੀ ਨੂੰ ਇਨ੍ਹਾਂ ਸਵਾਲਾਂ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਫੇਰ ਭਾਰਤ - ਪਾਕਿਸਤਾਨ ਵਿਚਕਾਰ 1971 ਵਿਚ ਕੀਤਾ ਗਿਆ ਸ਼ਿਮਲਾ ਸਮਝੌਤਾ ਵੀ ਹੈ, ਜਿਸ ਨੂੰ ਮੌਜੂਦਾ ਪਾਕਿਸਤਾਨੀ ਹਾਕਮ ਭੁਲਾਈ ਬੈਠੇ ਹਨ ਤੇ ਜਿਸ ਅਨੁਸਾਰ ਕਸ਼ਮੀਰ ਦੇ ਝਗੜੇ ਦਾ ਹੱਲ ਗੱਲਬਾਤ ਰਾਹੀਂ ਹੋਣਾ ਚਾਹੀਦਾ ਹੈ।

-ਗੁਰਸ਼ਰਨ ਸਿੰਘ